# जोगी दा गुलाम

दुनिया / सारियां दे विच मेरा नाम हो गया ॥
जदों दा मैं जोगी दा गुलाम हो गया ॥
मंगे जेह्डा पत जोगी वंददा जावे ॥
चर्चा एह सारे सरेआम हो गया,
जदों दा मैं जोगी दा गुलाम हो गया ॥

पितल नु मेनू हाथ ला के किता सोना ऐे,
सिद्ध जोगी जेहा कोई दूसरा न होना ऐे ॥
भागा वालियां ते जोगी हुँदै मेहरबान ॥
जे हो जावे करोपी ओह नीलाम हो गया,
जदों दा मैं जोगी दा गुलाम हो गया, ॥

किता एहसास जिहने ओहदे नाल नाल ऐे,
सब दियां लजा पाले तू ही लजपाल ऐे ॥
जाने अन रेहमता दा मीह किह्नु कहंदे ॥
मेरी ली ता ख़ुशी दा मुकाम हो गया,
जदों दा मैं जोगी दा गुलाम हो गया,

धर्मकोती उते जोगी कर्म कमाया ऐे,
ठोकर सी खांदा चुक गल नाल लाइयाँ ऐे ॥
सुखा नूर मेहिलियाँ बनियाँ गीतकार ॥
मेरा चरना च सजदा सलाम हो गया,
जदों दा मैं जोगी दा गुलाम हो गया ॥

ਦੁਨੀਆਂ / ਸਾਰਿਆਂ ਦੇ ਵਿੱਚ, ਮੇਰਾ ਨਾਮ ਹੋ ਗਿਆ ॥
ਜਦੋਂ ਦਾ ਮੈਂ, ਜੋਗੀ ਦਾ ਗੁਲਾਮ ਹੋ ਗਿਆ ॥
ਮੰਗੇ ਜਿਹੜਾ ਪੱਤ, ਜੋਗੀ ਵੰਡਦਾ ਜਾਵੇ ॥
ਚਰਚਾ ਇਹ ਸਾਰੇ, ਸ਼ਰੇਆਮ ਹੋ ਗਿਆ,
ਜਦੋਂ ਦਾ ਮੈਂ, ਜੋਗੀ ਦਾ ਗੁਲਾਮ ਹੋ ਗਿਆ ॥

ਪਿੱਤਲ ਨੂੰ ਮੈਨੂੰ, ਹੱਥ ਲਾ ਕੇ ਕੀਤਾ ਸੋਨਾ ਏ,
ਸਿੱਧ ਜੋਗੀ ਜੇਹਾ ਕੋਈ, ਦੂਸਰਾ ਨਾ ਹੋਣਾ ਏ ॥
ਭਾਗਾਂ ਵਾਲਿਆਂ ਤੇ, ਜੋਗੀ ਹੁੰਦੇ ਮੇਹਰਬਾਨ ॥
ਜੇ ਹੋ ਜਾਵੇ ਕਰੋਪੀ, ਉਹ ਨਿਲਾਮ ਹੋ ਗਿਆ,
ਜਦੋਂ ਦਾ ਮੈਂ, ਜੋਗੀ ਦਾ ਗੁਲਾਮ ਹੋ ਗਿਆ ॥।

ਕੀਤਾ ਅਹਿਸਾਸ ਜੀਹਨੇ, ਓਹਦੇ ਨਾਲ ਨਾਲ ਏ,
ਸਭ ਦੀਆਂ ਲੱਜਾਂ ਪਾਲੇ, ਤੂੰ ਹੀ ਲੱਜਪਾਲ ਏ ॥
ਜਾਣੇ ਅਨ-ਰਹਿਮਤਾਂ ਦਾ, ਮੀਂਹ ਕਿਹਨੂੰ ਕਹਿੰਦੇ ॥
ਮੇਰੇ ਲਈ ਤਾਂ, ਖੁਸ਼ੀ ਦਾ ਮੁਕਾਮ ਹੋ ਗਿਆ,
ਜਦੋਂ ਦਾ ਮੈਂ, ਜੋਗੀ ਦਾ ਗੁਲਾਮ ਹੋ ਗਿਆ ॥।

ਧਰਮਕੋਟੀ ਉੱਤੇ ਜੋਗੀ, ਕਰਮ ਕਮਾਇਆ ਏ,
ਠੋਕਰਾਂ ਸੀ ਖਾਂਦਾ ਚੁੱਕ, ਗੱਲ ਨਾਲ ਲਾਇਆ ਏ ॥
ਸੁੱਖਾ ਨੂਰ ਮਹਿਲੀਆਂ, ਬਣਾਇਆ ਗੀਤਕਾਰ ॥
ਮੇਰਾ ਚਰਨਾਂ ਚ, ਸੱਜਦਾ ਸਲਾਮ ਹੋ ਗਿਆ,
ਜਦੋਂ ਦਾ ਮੈਂ, ਜੋਗੀ ਦਾ ਗੁਲਾਮ ਹੋ ਗਿਆ ॥।

ਅਪਲੋਡ ਕਰਤਾ- ਅਨਿਲ ਭੋਪਾਲ ਬਾਘੀਓ ਵਾਲੇ

https://bhajanganga.com/bhajan/lyrics/id/6034/title/duniya-sariyan-de-vich-mera-naam-ho-geya-jdo-da-main-jogi-da-gulam-ho-geya

अपने Android मोबाइल पर BhajanGanga App डाउनलोड करें और भजनों का आनंद ले |